# ਮੀਟ ਪ੍ਰੋਸੈਸਿੰਗ, ਮੁੱਲ-ਵਾਧਾ ਉਤਪਾਦਾਂ ਲਈ ਉੱਦਮੀਆਂ ਵਾਸਤੇ ਮੌਕੇ

ਪਸ਼ੂ ਪਾਲਣ ਖੇਤਰ ਨੂੰ ਹੁਲਾਰਾ ਦੇਣ ਲਈ ਭਾਰਤ ਸਰਕਾਰ ਮੀਟ ਪ੍ਰੋਸੈਸਿੰਗ ਅਤੇ ਮੁੱਲ-ਵਾਧਾ ਉਤਪਾਦਾਂ ਦੀਆਂ ਨਵੀਆਂ ਇਕਾਈਆਂ ਸਥਾਪਤ ਕਰਨ ਜਾਂ ਮੌਜੂਦਾ ਇਕਾਈਆਂ ਨੂੰ ਮਜ਼ਬੂਤ ਕਰਨ ਲਈ ਸਹਾਇਤਾ ਕਰ ਰਹੀ ਹੈ। ਇਸ ਲਈ ਸਰਕਾਰ ਨੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਆਤਮ ਨਿਰਭਰ ਭਾਰਤ ਅਭਿਆਨ ਪ੍ਰੋਤਸਾਹਨ ਪੈਕੇਜ ਦੇ ਤਹਿਤ, ਪਸ਼ੂ ਪਾਲਣ ਬੁਨਿਆਦੀ ਢਾਂਚਾ ਵਿਕਾਸ ਫੰਡ (ਏ ਐਚ ਆਈ ਡੀ ਐਫ) ਦੀ ਸਥਾਪਨਾ ਕੀਤੀ ਹੈ, ਜੋ ਇੱਕ ਕੇਂਦਰੀ ਯੋਜਨਾ ਹੈ।

ਯੋਗ ਲਾਭਪਾਤਰੀ ਮੀਟ ਪ੍ਰੋਸੈਸਿੰਗ ਅਤੇ ਮੁੱਲ-ਵਾਧਾ ਉਤਪਾਦਾਂ ਦੀਆਂ ਨਵੀਆਂ ਅਤੇ ਮੌਜੂਦਾ ਇਕਾਈਆਂ ਲਈ ਅਨੁਸੂਚਿਤ ਬੈਂਕਾਂ ਤੋਂ ਅਨੁਮਾਨਿਤ/ਅਸਲ ਪ੍ਰਾਜੈਕਟ ਲਾਗਤ ਦੇ 90% ਤੱਕ ਕਰਜ਼ਾ ਪ੍ਰਾਪਤ ਕਰ ਸਕਦੇ ਹਨ।

ਸੂਖਮ ਅਤੇ ਛੋਟੀਆਂ ਇਕਾਈਆਂ ਦੇ ਲਈ ਸੂਖਮ, ਲਘੂ ਅਤੇ ਦਰਮਿਆਨੇ ਉੱਦਮ (ਐਮ ਐਸ ਐਮ ਈ) ਪਰਿਭਾਸ਼ਿਤ ਸੀਮਾ ਦੇ ਅਨੁਸਾਰ, ਲਾਭਪਾਤਰੀ ਦਾ ਯੋਗਦਾਨ ਕਰਜ਼ੇ ਦੀ ਰਕਮ ਦਾ 10% ਹੋ ਸਕਦਾ ਹੈ। ਮੱਧਮ ਉਦਯੋਗਾਂ ਲਈ, ਪਰਿਭਾਸ਼ਿਤ ਐਮ ਐਸ ਐਮ ਈ ਸੀਲਿੰਗ ਦੇ ਅਨੁਸਾਰ, ਲਾਭਪਾਤਰੀ ਯੋਗਦਾਨ 15% ਤੱਕ ਜਾ ਸਕਦਾ ਹੈ। ਉੱਦਮਾਂ ਦੀਆਂ ਹੋਰ ਸ਼੍ਰੇਣੀਆਂ ਵਿੱਚ ਲਾਭਪਾਤਰੀ ਯੋਗਦਾਨ 25% ਤੱਕ ਜਾ ਸਕਦਾ ਹੈ।

ਅਨੁਸੂਚਿਤ ਬੈਂਕ ਇਹ ਯਕੀਨੀ ਬਣਾਏਗਾ ਕਿ ਵੱਧ ਤੋਂ ਵੱਧ ਮੁੜ ਅਦਾਇਗੀ ਦੀ ਮਿਆਦ ਪਹਿਲੀ ਵੰਡ ਦੀ ਮਿਤੀ ਤੋਂ 10 ਸਾਲਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ, ਜਿਸ ਵਿੱਚ ਮੁੱਖ ਰਕਮ ਦੀ ਮੁੜ ਅਦਾਇਗੀ 'ਤੇ ਦੋ ਸਾਲਾਂ ਦੀ ਰੋਕ ਸ਼ਾਮਲ ਹੈ।

**ਮੀਟ ਪ੍ਰੋਸੈਸਿੰਗ ਸਹੂਲਤਾਂ ਦੇ ਅਧੀਨ ਸ਼ਾਮਲ ਗਤੀਵਿਧੀਆਂ**

- ਪੇਂਡੂ, ਅੱਧ-ਸ਼ਹਿਰੀ ਅਤੇ ਸ਼ਹਿਰੀ ਖੇਤਰਾਂ ਵਿੱਚ ਭੇਡਾਂ/ਬੱਕਰੀਆਂ/ਮੁਰਗੀਆਂ/ਸੂਰਾਂ/ਮੱਝਾਂ ਲਈ ਨਵੀਆਂ ਮੀਟ ਪ੍ਰੋਸੈਸਿੰਗ ਇਕਾਈਆਂ ਦੀ ਸਥਾਪਨਾ ਅਤੇ ਮੌਜੂਦਾ ਮੀਟ ਪ੍ਰੋਸੈਸਿੰਗ ਸਹੂਲਤਾਂ ਨੂੰ ਮਜ਼ਬੂਤ ਕਰਨਾ। ਵੱਡੇ ਪੱਧਰ 'ਤੇ ਏਕੀਕ੍ਰਿਤ ਮੀਟ ਪ੍ਰੋਸੈਸਿੰਗ ਸਹੂਲਤਾਂ/ਪਲਾਂਟ/ਯੂਨਿਟ।

**ਮੁੱਲ-ਵਾਧਾ ਉਤਪਾਦਾਂ ਦੇ ਤਹਿਤ ਆਉਣ ਵਾਲੀਆਂ ਗਤੀਵਿਧੀਆਂ**

- ਮੀਟ ਉਤਪਾਦ ਜਿਵੇਂ ਕਿ ਸੌਸੇਜ, ਨਗੇਟਸ, ਹੈਮ, ਸਲਾਮੀ, ਬੇਕਨ ਜਾਂ ਕਿਸੇ ਹੋਰ ਮੀਟ ਲਈ ਨਵੀਂਆਂ ਜਾਂ ਮੌਜੂਦਾ ਮੁੱਲ-ਵਾਧਾ ਸਹੂਲਤਾਂ ਦੀ ਸਥਾਪਨਾ ਕਰਨਾ। ਇਹ ਸਹੂਲਤਾਂ ਮੀਟ ਪ੍ਰੋਸੈਸਿੰਗ ਇਕਾਈਆਂ ਦਾ ਅਨਿੱਖੜਵਾਂ ਹਿੱਸਾ ਜਾਂ ਸਟੈਂਡਅਲੋਨ (ਇਕੱਲਾ) ਮੀਟ ਮੁੱਲ-ਵਾਧਾ ਇਕਾਈਆਂ ਹੋ ਸਕਦੀਆਂ ਹਨ।

ਹਰੇਕ ਮੀਟ ਪ੍ਰੋਸੈਸਿੰਗ ਪਲਾਂਟ ਦੀ ਪ੍ਰਾਜੈਕਟ ਲਾਗਤ ਵਿੱਚ ਲਾਜ਼ਮੀ ਤੌਰ 'ਤੇ ਐਫਲੂਐਂਟ ਟ੍ਰੀਟਮੈਂਟ ਪਲਾਂਟ (ਈ ਟੀ ਪੀ), ਮੀਟ ਮਾਈਕਰੋਬਾਇਓਲੋਜੀਕਲ ਜਾਂਚ ਪ੍ਰਯੋਗਸ਼ਾਲਾ, ਰਹਿੰਦ-ਖੂੰਹਦ ਦੀ ਜਾਂਚ ਪ੍ਰਯੋਗਸ਼ਾਲਾ, ਔਫਲਾਂ ਨੂੰ ਰੱਖਣ ਲਈ ਕੋਲਡ ਸਟੋਰੇਜ, ਚਮੜੀ/ਹਾਈਡ ਦੀ ਪ੍ਰੋਸੈਸਿੰਗ ਲਈ ਥਾਂ ਅਤੇ ਠੰਡੇ ਅਤੇ ਮੁੱਲ-ਵਾਧਾ ਉਤਪਾਦਾਂ ਨੂੰ ਘੱਟੋ-

ਘੱਟ 24 ਘੰਟਿਆਂ ਲਈ ਰੱਖਣ ਵਾਸਤੇ ਉਹਨਾਂ ਦੀ ਸੰਭਾਲ ਅਤੇ ਰੈਫ੍ਰਿਜਰੇਸ਼ਨ ਦੀਆਂ ਸਹੂਲਤਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ।

**ਏ ਐਚ ਆਈ ਡੀ ਐਫ ਦੇ ਤਹਿਤ ਲੋਨ ਲਈ ਯੋਗ ਲਾਭਪਾਤਰੀ**

- ਕਿਸਾਨ ਉਤਪਾਦਕ ਸੰਗਠਨ (ਐਫ ਪੀ ਓ)
- ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ (ਐਮ ਐਸ ਐਮ ਈ)
- ਸੈਕਸ਼ਨ 8 ਕੰਪਨੀਆਂ
- ਨਿਜੀ ਕੰਪਨੀਆਂ
- ਵਿਅਕਤੀਗਤ ਉੱਦਮੀ

**ਲਾਭ**

- ਲਾਭਪਾਤਰੀਆਂ ਨੂੰ ਨਿਵੇਸ਼ ਵਜੋਂ ਘੱਟੋ-ਘੱਟ 10% ਮਾਰਜਿਨ ਮਨੀ ਦਾ ਯੋਗਦਾਨ ਦੇਣਾ ਪੈਂਦਾ ਹੈ। ਬਕਾਇਆ 90% ਅਨੁਸੂਚਿਤ ਬੈਂਕਾਂ ਰਾਹੀਂ ਉਪਲਬਧ ਕਰਾਇਆ ਜਾਣ ਵਾਲਾ ਕਰਜ਼ੇ ਦਾ ਹਿੱਸਾ ਹੈ।
- ਭਾਰਤ ਸਰਕਾਰ ਯੋਗ ਲਾਭਪਾਤਰੀਆਂ ਨੂੰ 3% ਵਿਆਜ ਸਹਾਇਤਾ ਪ੍ਰਦਾਨ ਕਰੇਗੀ।
- ਮੂਲ ਕਰਜ਼ੇ ਦੀ ਰਕਮ ਲਈ 2 ਸਾਲ ਦੀ ਰੋਕ ਹੋਵੇਗੀ ਅਤੇ ਉਸ ਤੋਂ ਬਾਅਦ 6 ਸਾਲ ਦੀ ਮੁੜ ਅਦਾਇਗੀ ਦੀ ਮਿਆਦ ਹੋਵੇਗੀ।
- ਕ੍ਰੈਡਿਟ ਗਾਰੰਟੀ ਫੰਡ (ਸੀ ਜੀ ਐਫ) ਤੋਂ ਉਹਨਾਂ ਮੰਜ਼ੂਰਸ਼ੁਦਾ ਪ੍ਰਾਜੈਕਟਾਂ ਨੂੰ ਕ੍ਰੈਡਿਟ ਗਾਰੰਟੀ ਪ੍ਰਦਾਨ ਕੀਤੀ ਜਾਵੇਗੀ ਜੋ ਐਮ ਐਸ ਐਮ ਈ ਪਰਿਭਾਸ਼ਿਤ ਸੀਮਾਵਾਂ

ਦੇ ਅਧੀਨ ਆਉਂਦੇ ਹਨ। ਗਾਰੰਟੀ ਕਵਰੇਜ ਕਰਜ਼ਾ ਲੈਣ ਵਾਲੇ ਦੀ ਕ੍ਰੈਡਿਟ ਸਹੂਲਤ ਦੇ 25% ਤੱਕ ਹੋਵੇਗੀ।

**ਅਰਜ਼ੀ ਕਿਵੇਂ ਦੇਣੀ ਹੈ?**

ਡੇਅਰੀ ਅਤੇ ਮੁੱਲ-ਵਾਧਾ ਬੁਨਿਆਦੀ ਢਾਂਚੇ ਦੀ ਸਥਾਪਨਾ ਜਾਂ ਮੌਜੂਦਾ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਨਿਵੇਸ਼ ਕਰਨ ਦਾ ਇਰਾਦਾ ਰੱਖਣ ਵਾਲੇ ਲਾਭਪਾਤਰੀਆਂ ਨੂੰ ਭਾਰਤੀ ਲਘੂ ਉਦਯੋਗ ਬੈਂਕ (ਸਿਡਬੀ) ਵੱਲੋਂ ਵਿਕਸਤ ਕੀਤੇ ਗਏ 'ਉੱਦਯਮੀ ਮਿੱਤਰ' ਪੋਰਟਲ https://ahidf.udyamimitra.in ਰਾਹੀਂ ਪੂਰੀ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ ਦੇ ਨਾਲ ਦਾਅਵਾ ਪੇਸ਼ ਕਰਨਾ ਹੋਵੇਗਾ।

ਅਨੁਸੂਚਿਤ ਬੈਂਕ, ਪ੍ਰਾਜੈੱਕਟ ਦੇ ਉਚਿਤ ਮੁਲਾਂਕਣ ਅਤੇ ਮਨਜ਼ੂਰੀ ਤੋਂ ਬਾਅਦ, ਔਨਲਾਈਨ ਵਿਧੀ ਰਾਹੀਂ ਵਿਆਜ ਸਹਾਇਤਾ ਦੀ ਪ੍ਰਵਾਨਗੀ ਲਈ ਅਰਜ਼ੀ/ਪ੍ਰੋਜੈਕਟ ਨੂੰ ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਨੂੰ ਭੇਜੇਗਾ।